# ਜਟ ਜਾਂਦਾ ਜਾਂਦਾ ਕਹਿ ਗਿਆ

ਜਟ ਜਾਂਦਾ ਜਾਂਦਾ ਕਹਿ ਗਿਆ

ਮੇਰਾ ਤਾਂ ਭਠਾ ਹੀ ਬਹਿ ਗਿਆ

ਮੇਨੂ ਤਾਂ ਕਰਜਾ ਪੀ ਗਿਆ

ਬਚੇ ਨੂੰ ਕੇਂਸਰ ਲੈ ਗਿਆ

ਜਟ ਜਾਂਦਾ ਜਾਂਦਾ ਕਹਿ ਗਿਆ ............

ਖਾਦਾਂ ਅਸਮਾਨਾਂ ਤੇ ਚੜ੍ਹੀਆਂ

ਤੇ ਕਾਲ ਬੀਜ ਦਾ ਪੈ ਗਿਆ

ਗੜ੍ਹਿਆਂ ਨੇ ਫਸਲ ਨੂੰ ਖਾ ਲਿਆ

ਜੋ ਬਚ ਗਈ ਆੜਤੀ ਲੈ ਗਿਆ

ਮੈਂ ਮੁੜ ਕੇ ਫਿਰ ਵੀ ਆਊਂਗਾ

ਬਾਕੀ ਦੀ ਕਿਸ਼ਤ ਲੈ ਜਾਊਂਗਾ

ਉਹ ਜਾਂਦਾ ਜਾਂਦਾ ਕਹਿ ਗਿਆ

ਮੈਂ ਸਿਰ ਨੂੰ ਫੜ੍ਹ ਕੇ ਬਹਿ ਗਿਆ

ਜਟ ਜਾਂਦਾ ਜਾਂਦਾ ਕਹਿ ਗਿਆ ......

ਨਰਮੇ ਨੂੰ ਮਖੀ ਖਾ ਗਈ

ਬਚੀ ਨੂੰ ਦਾਜ ਨੇ ਰੋਲਿਆ

ਥਰਮਲ ਨੇ ਬਿਜਲੀ ਦਿਤੀ ਹੈ

ਪਰ ਚੈਨ ਸਾਡਾ ਖੋਹ ਲਿਆ

ਪਾਣੀ ਵੀ ਦੂਸ਼ਿਤ ਹੋ ਗਿਆ

ਕੇਂਸਰ  ਹੀ ਕੇਂਸਰ ਫੈਲਿਆ

ਮੇਰਾ ਹੀ ਫਲ ਹੈ ਪਾਪਾਂ ਦਾ

ਮੈਂ ਜਨਮ ਮਾਲਵੇ ਲੈ ਲਿਆ

ਜਟ ਜਾਂਦਾ ਜਾਂਦਾ ਕਹਿ  ਗਿਆ ......

ਮੈਂ ਕਖੋਂ ਹੋਲਾ ਹੋ ਗਿਆ

ਜੀਂਦਾ ਧੇਲੇ ਦਾ ਰਹਿ ਗਿਆ

ਜੇ ਨਾਂ ਮਰਦਾ ਤਾਂ ਕੀ ਕਰਦਾ

ਕਰਜਾ ਹੀ ਕਰਜਾ ਰਹਿ ਗਿਆ

ਮੈਂ ਤਿਨ ਲਖ  ਦਾ ਹੋ ਗਿਆ

ਸਰਕਾਰ ਨੇ ਨਿਰਣਾ  ਲੈ ਲਿਆ

ਮੇਰੀ ਲਾਸ਼  ਦਾ ਮੁਲ ਵੀ  ਪੈ ਗਿਆ

ਜਟ ਜਾਂਦਾ ਜਾਂਦਾ ਕਹਿ  ਗਿਆ ......

ਮੈਂ ਭੁਖ ਦੇ ਅੰਦਰ  ਜੀਂਦਾ ਹਾਂ

ਮੈਂ ਅੰਨ  ਦਾਤਾ ਹਾਂ  ਦੇਸ਼ ਦਾ

ਮੈਂ ਫਸਲ ਉਗਾਵਨ ਤੋਂ ਮਗਰੋਂ

ਦਿਲੀ ਦੇ ਮੂੰਹ ਵਲ ਵੇਖਦਾ

ਸਰਕਾਰ ਹੀ ਕੀਮਤ ਤੇਹ  ਕਰਦੀ

ਕਾਨੂਨ ਹੈ ਮੇਰੇ ਦੇਸ਼ ਦਾ

ਮੈਨੂੰ ਠਗ ਲਿਆ ਸਰਕਾਰਾਂ ਨੇ

ਮੈਂ ਮੂੰਹ ਵਲ ਰਹਿ ਗਿਆ ਵੇਖਦਾ

ਜਟ ਜਾਂਦਾ ਜਾਂਦਾ ਕਹਿ  ਗਿਆ ......

ਸਰਕਾਰ ਨੂੰ ਉਨਤੀ ਚਾਹੀਦੀ

ਮੇਰੇ ਥਲਿਓਂ ਧਰਤੀ ਖੋਹ ਲੈਂਦੀ

ਮੇਰੀ ਕਿੰਨੀ ਚਰਬੀ ਬਾਕੀ ਹੈ

ਮੇਨੂ ਬਕਰੇ ਵਾਂਗੂੰ ਟੋਹ ਲੈਂਦੀ

ਮੈਂ ਤਾਂ ਮਿਮਿਓਂਦਾ ਰਹਿ ਜਾਂਦਾ

ਮੇਨੂੰ  ਪਸ਼ੂਆਂ ਵਾਂਗਰ ਕੋਹ ਲੈਂਦੀ

ਮੇਰੇ ਬਚਿਆਂ ਦੇ ਮੂਹਾਂ  ਵਿਚੋਂ

ਬਾਕੀ ਦੀ ਰੋਟੀ ਖੋਹ ਲੈਂਦੀ

ਜਟ ਜਾਂਦਾ ਜਾਂਦਾ ਕਹਿ  ਗਿਆ ......

**ਜਟ ਜਾਂਦਾ ਜਾਂਦਾ ਕਹਿ  ਗਿਆ ......**

ਨਰਮੇ ਨੂੰ ਮਖੀ ਖਾ ਗਈ

ਬਚੀ ਨੂੰ ਦਾਜ ਨੇ ਲੈ ਲਿਆ

ਥਰਮਲ ਨੇ  ਬਿਜਲੀ ਦਿਤੀ ਹੈ

ਪਰ ਚੈਨ  ਹੀ ਸਾਡਾ ਲੈ ਲਿਆ

ਪਾਣੀ  ਵੀ ਦੂਸ਼ਿਤ ਹੋ ਗਿਆ

ਕੇਂਸਰ  ਹੀ ਕੇਂਸਰ ਫੈਲਿਆ

ਮੇਰਾ ਹੀ ਫਲ ਹੈ ਪਾਪਾਂ ਦਾ

ਮੈਂ ਜਨਮ ਮਾਲਵੇ ਲੈ ਲਿਆ

ਜਟ ਜਾਂਦਾ ਜਾਂਦਾ ਕਹਿ ਗਿਆ ......

ਮੈਂ ਕਖੋਂ ਹੋਲਾ ਹੋ ਗਿਆ

ਜੀਂਦਾ ਧੇਲੇ ਦਾ ਰਹਿ ਗਿਆ

ਜੇ ਨਾਂ ਮਰਦਾ ਤਾਂ ਕੀ ਕਰਦਾ

ਕਰਜਾ ਹੀ ਕਰਜਾ ਰਹਿ ਗਿਆ

ਮੈਂ ਤਿਨ ਲਖ ਦਾ ਹੋ ਗਿਆ

ਸਰਕਾਰ ਨੇ ਫੇਸਲਾ ਲੈ ਲਿਆ

ਮੇਰੀ ਲਾਸ਼ ਦਾ ਮੁਲ ਵੀ ਪੈ ਗਿਆ

ਜਟ ਜਾਂਦਾ ਜਾਂਦਾ ਕਹਿ ਗਿਆ ......

ਮੈਂ ਭੁਖ ਦੇ ਅੰਦਰ ਜੀਂਦਾ ਹਾਂ

ਮੈਂ ਅੰਨ ਦਾਤਾ ਹਾਂ ਦੇਸ਼ ਦਾ

ਮੈਂ ਫਸਲ ਉਗਾਵਨ ਤੋਂ ਮਗਰੋਂ

ਦਿਲੀ ਦੇ ਮੂੰਹ ਵਲ ਵੇਖਦਾ

ਸਰਕਾਰ ਹੀ ਕੀਮਤ ਤੇਹ ਕਰਦੀ

ਕਾਨੂਨ ਹੈ ਮੇਰੇ ਦੇਸ਼ ਦਾ

ਮੈਨੂੰ ਠਗ ਲਿਆ ਸਰਕਾਰਾਂ ਨੇ

ਮੈਂ ਮੂੰਹ ਵਲ ਰਹਿ ਗਿਆ ਵੇਖਦਾ

ਜਟ ਜਾਂਦਾ ਜਾਂਦਾ ਕਹਿ ਗਿਆ ......

ਸਰਕਾਰ ਨੂੰ ਉਨਤੀ ਚਾਹੀਦੀ

ਮੇਰੇ ਥਲਿਓਂ ਧਰਤੀ ਖੋਹ ਲੈਂਦੀ

ਮੇਰੀ ਕਿੰਨੀ ਚਰਬੀ ਬਾਕੀ ਹੈ

ਮੇਨੂ ਬਕਰੇ ਵਾਂਗੂੰ ਟੋਹ ਲੈਂਦੀ

ਮੈਂ ਤਾਂ ਮਿਮਿਓਂਦਾ ਰਹਿ ਜਾਂਦਾ

ਮੇਨੂੰ ਬਕਰੇ ਵਾਂਗੂੰ ਕੋਹ ਲੈਂਦੀ

ਮੇਰੇ ਬਚਿਆਂ ਦੇ ਮੂਹਾਂ ਚੋਂ

ਬਾਕੀ ਦੀ ਰੋਟੀ ਖੋਹ ਲੈਂਦੀ

ਜਟ ਜਾਂਦਾ ਜਾਂਦਾ ਕਹਿ ਗਿਆ ......